# India joins the Djibouti Code of Conduct as Observer

September 16, 2020

---

## ਭਾਰਤ ਹੋਇਆ ਨਿਰੀਖਕ ਵਜੋਂ ਜਿਬੂਤੀ ਆਚਾਰ ਸੰਹਿਤਾ 'ਚ ਸ਼ਾਮਲ

**16 ਸਤੰਬਰ, 2020**

26 ਅਗਸਤ, 2020 ਨੂੰ ਵਰਚੁਅਲ ਮਾਧਿਅਮ ਰਾਹੀਂ ਹੋਈ ਜਿਬੂਤੀ ਜ਼ਾਬਤਾ / ਜੇਦਾ ਸੋਧ (DCOC/ JA) ਦੀ ਉੱਚ ਪੱਧਰੀ ਬੈਠਕ ਤੋਂ ਨਤੀਜੇ ਦੇ ਤੌਰ 'ਤੇ ਭਾਰਤ ਜਿਬੂਤੀ ਆਚਾਰ ਸੰਹਿਤਾ / ਜੇਦਾਹ ਸੋਧ ਵਿਚ ਨਿਰੀਖਕ ਵਜੋਂ ਸ਼ਾਮਲ ਹੋ ਗਿਆ ਹੈ।

DCOC / JA ਸਮੁੰਦਰੀ ਮਾਮਲਿਆਂ ਬਾਰੇ ਇੱਕ ਸਮੂਹ ਹੈ ਜਿਸਦੇ 18 ਮੈਂਬਰ ਦੇਸ਼ ਲਾਲ ਸਾਗਰ, ਏਡਨ ਦੀ ਖਾੜੀ, ਅਫਰੀਕਾ ਦਾ ਪੂਰਬੀ ਤੱਟ ਦੇ ਨਾਲ ਅਤੇ IOR ਅੰਦਰ ਟਾਪੂ ਦੇਸ਼ਾਂ ਦੇ ਨਾਲ ਲੱਗਦੇ ਹਨ। ਭਾਰਤ DCOC / JA ਦੇ ਮੈਂਬਰਾਂ ਜਾਪਾਨ, ਨਾਰਵੇ, ਬ੍ਰਿਟੇਨ ਅਤੇ ਅਮਰੀਕਾ ਦੇ ਸਮੂਹ ਵਿਚ ਸ਼ਾਮਲ ਹੋ ਗਿਆ ਹੈ।

ਜਨਵਰੀ 2009 ਵਿਚ ਸਥਾਪਤ ਕੀਤੇ ਗਏ DCOC ਦਾ ਉਦੇਸ਼ ਪੱਛਮੀ ਹਿੰਦ ਮਹਾਂਸਾਗਰ ਖੇਤਰ, ਅਦਨ ਦੀ ਖਾੜੀ ਅਤੇ ਲਾਲ ਸਾਗਰ ਵਿਚ ਸਮੁੰਦਰੀ ਜਹਾਜ਼ਾਂ 'ਤੇ ਡਾਕੂਆਂ ਅਤੇ ਹਥਿਆਰਬੰਦ ਲੁਟੇਰਿਆਂ ਦੇ ਹਮਲਿਆਂ ਦੀ ਰੋਕਥਾਮ ਕਰਨਾ ਹੈ।

DCOC / JA ਦੇ ਨਿਰੀਖਕ ਵਜੋਂ ਭਾਰਤ ਨੂੰ ਹਿੰਦ ਮਹਾਂਸਾਗਰ ਖੇਤਰ ਵਿਚ ਸਮੁੰਦਰੀ ਸੁਰੱਖਿਆ ਵਧਾਉਣ ਵਾਸਤੇ ਤਾਲਮੇਲ ਕਰਨ ਅਤੇ ਯੋਗਦਾਨ ਪਾਉਣ ਲਈ DCOC / JA ਮੈਂਬਰ ਦੇਸ਼ਾਂ ਨਾਲ ਮਿਲਜੁਲ ਕੇ ਕੰਮ ਕਰਨ ਦੀ ਆਸ ਹੈ।

ਨਵੀਂ ਦਿੱਲੀ
16 ਸਤੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.